ਭਗਤ ਨਾਮਦੇਵ - ਸਬਦ ੫੬

ਸੇਵੀਲੇ ਗੋਪਾਲ ਰਾਇ ਅਕੁਲ ਨਿਰੰਜਨ ॥

ਰਾਗੁ ਮਲਾਰ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੨੯੨

ਸੇਵੀਲੇ ਗੋਪਾਲ ਰਾਇ ਅਕੁਲ ਨਿਰੰਜਨ ॥
ਭਗਤਿ ਦਾਨੁ ਦੀਜੈ ਜਾਚਹਿ ਸੰਤ ਜਨ ॥੧॥ ਰਹਾਉ ॥
ਜਾਂ ਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ ਸਪਤ ਲੋਕ ਸਾਮਾਨਿ ਪੂਰੀਅਲੇ ॥
ਜਾਂ ਚੈ ਘਰਿ ਲਛਿਮੀ ਕੁਆਰੀ ਚੰਦੁ ਸੂਰਜੁ ਦੀਵੜੇ ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁ ਕਰਾ ਸਿਰੀ ॥
ਸੁ ਐਸਾ ਰਾਜਾ ਸ੍ਰੀ ਨਰਹਰੀ ॥੧॥
ਜਾਂ ਚੈ ਘਰਿ ਕੁਲਾਲੁ ਬ੍ਰਹਮਾ ਚਤੁਰ ਮੁਖੁ ਡਾਂਵੜਾ ਜਿਨਿ ਬਿਸ੍ਵ ਸੰਸਾਰੁ ਰਾਚੀਲੇ ॥
ਜਾਂ ਕੈ ਘਰਿ ਈਸਰੁ ਬਾਵਲਾ ਜਗਤ ਗੁਰੂ ਤਤ ਸਾਰਖਾ ਗਿਆਨੁ ਭਾਖੀਲੇ ॥
ਪਾਪੁ ਪੁੰਨੁ ਜਾਂ ਚੈ ਡਾਂਗੀਆ ਦੁਆਰੈ ਚਿਤ੍ਰ ਗੁਪਤੁ ਲੇਖੀਆ ॥
ਧਰਮ ਰਾਇ ਪਰੁਲੀ ਪ੍ਰਤਿਹਾਰੁ ॥
ਸੋੁ ਐਸਾ ਰਾਜਾ ਸ੍ਰੀ ਗੋਪਾਲੁ ॥੨॥
ਜਾਂ ਚੈ ਘਰਿ ਗਣ ਗੰਧਰਬ ਰਿਖੀ ਬਪੁੜੇ ਢਾਢੀਆ ਗਾਵੰਤ ਆਛੈ ॥
ਸਰਬ ਸਾਸਤ੍ਰ ਬਹੁ ਰੂਪੀਆ ਅਨਗਰੂਆ ਆਖਾੜਾ ਮੰਡਲੀਕ ਬੋਲ ਬੋਲਹਿ ਕਾਛੇ ॥
ਚਉਰ ਢੂਲ ਜਾਂ ਚੈ ਹੈ ਪਵਣੁ ॥
ਚੇਰੀ ਸਕਤਿ ਜੀਤਿ ਲੇ ਭਵਣੁ ॥
ਅੰਡ ਟੂਕ ਜਾ ਚੈ ਭਸਮਤੀ ॥
ਸੋੁ ਐਸਾ ਰਾਜਾ ਤ੍ਰਿਭਵਣ ਪਤੀ ॥੩॥
ਜਾਂ ਚੈ ਘਰਿ ਕੂਰਮਾ ਪਾਲੁ ਸਹਸ੍ਰ ਫਨੀ ਬਾਸਕੁ ਸੇਜ ਵਾਲੂਆ ॥
ਅਠਾਰਹ ਭਾਰ ਬਨਾਸਪਤੀ ਮਾਲਣੀ ਛਿਨਵੈ ਕਰੋੜੀ ਮੇਘ ਮਾਲਾ ਪਾਣੀਹਾਰੀਆ ॥
ਨਖ ਪ੍ਰਸੇਵ ਜਾ ਚੈ ਸੁਰਸਰੀ ॥
ਸਪਤ ਸਮੁੰਦ ਜਾਂ ਚੈ ਘੜਥਲੀ ॥
ਏਤੇ ਜੀਅ ਜਾਂ ਚੈ ਵਰਤਣੀ ॥

ਸੋ ਐਸਾ ਰਾਜਾ ਤ੍ਰਿਭਵਣ ਧਣੀ ॥੪॥
ਜਾਂ ਚੈ ਘਰਿ ਨਿਕਟ ਵਰਤੀ ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ ॥
ਏਤੇ ਜੀਅ ਜਾਂ ਚੈ ਹਹਿ ਘਰੀ ॥
ਸਰਬ ਬਿਆਪਿਕ ਅੰਤਰ ਹਰੀ ॥
ਪ੍ਰਣਵੈ ਨਾਮਦੇਉ ਤਾਂ ਚੀ ਆਣਿ ॥
ਸਗਲ ਭਗਤ ਜਾ ਚੈ ਨੀਸਾਣਿ ॥੫॥੧॥

ਸਾਰ: ਭਾਵੇਂ ਮਨੁੱਖੀ ਧਾਰਨਾ ਅੰਦਰ ਬ੍ਰਹਿਮੰਡ ਬੇਅੰਤ ਅਤੇ ਵਿਸ਼ਾਲ ਭਾਸਦਾ ਹੋਵੇ, ਫਿਰ ਵੀ ਇਹ ਉਸ ਅਖੁੱਟ ਹਕੀਕਤ ਦਾ ਇਕ ਸੀਮਿਤ ਪ੍ਰਗਟਾਵਾ ਹੀ ਹੈ, ਜੋ ਸਮੇਂ, ਸਥਾਨ, ਜਾਂ ਵਿਚਾਰ ਦੇ ਕਦੇ ਵੀ ਘੇਰੇ ਵਿਚ ਨਹੀਂ ਆ ਸਕਦੀ। ਹਰ ਨਵੀਂ ਖੋਜ ਸਾਡੀ ਸੂਝ ਦਾ ਘੇਰਾ ਵਿਸ਼ਾਲ ਕਰਦੀ ਹੈ, ਪਰ ਨਾਲ ਹੀ ਇਹ ਵੀ ਦਰਸਾਉਂਦੀ ਹੈ ਕਿ ਹਾਲੇ ਕਿੰਨਾ ਕੁਝ ਸਾਡੀ ਪਹੁੰਚ ਤੋਂ ਪਰੇ ਹੈ। ਇਹ ਅਹਿਸਾਸ ਸਾਨੂੰ ਨਿਮਰਤਾ ਵੱਲ ਪ੍ਰੇਰਿਤ ਕਰਦਾ ਹੋਇਆ ਯਾਦ ਦਿਵਾਉਂਦਾ ਹੈ ਕਿ ਹੋਂਦ ਦਾ ਰਹੱਸ ਮਨੁੱਖੀ ਸੂਝ ਦੀਆਂ ਸੀਮਾਵਾਂ ਤੋਂ ਹਮੇਸ਼ਾ ਵੱਡਾ ਰਹੇਗਾ। ਗਿਆਨ ਦੀ ਸਾਡੀ ਤਾਂਘ ਨੂੰ ਘਟਾਉਣ ਦੀ ਬਜਾਏ ਇਹ ਇਸ ਨੂੰ ਵਿਸਮਾਦ, ਖੁੱਲ੍ਹੇਪਣ ਅਤੇ ਨਿਰੰਤਰ ਖੋਜ ਦੀ ਯਾਤਰਾ ਵਿਚ ਬਦਲ ਦਿੰਦੀ ਹੈ। ਜਦੋਂ ਅਸੀਂ ਇਸ ਭਰਮ ਨੂੰ ਛੱਡ ਦਿੰਦੇ ਹਾਂ ਕਿ ਸਾਡੀ ਸੂਝ ਹੀ ਸੰਪੂਰਨ ਸੱਚਾਈ ਹੈ, ਤਾਂ ਸਾਡਾ ਮਨ ਉਸ ਅਨੰਤ ਨੂੰ ਧਾਰਨ ਕਰਨ ਲਈ ਤਿਆਰ ਹੋ ਜਾਂਦਾ ਹੈ ਜੋ ਚੁੱਪਚਾਪ ਹਰ ਸੀਮਿਤ ਰੂਪ ਵਿਚ ਰਮਿਆ ਹੋਇਆ ਹੈ। ਇਸ ਜਾਗਰੂਕਤਾ ਵਿਚ ਅਸੀਂ ਬ੍ਰਹਿਮੰਡ ਨੂੰ ਪੂਰਨ ਹਕੀਕਤ ਦੇ ਰੂਪ ਵਿਚ ਨਹੀਂ, ਬਲਕਿ ਉਸ ਅਸੀਮ ਏਕਤਾ ਦੇ ਨਿਰੰਤਰ ਪ੍ਰਗਟਾਵੇ ਵੱਜੋਂ ਦੇਖਣਾ ਸ਼ੁਰੂ ਕਰ ਦਿੰਦੇ ਹਾਂ, ਜਿਸ ਵਿਚੋਂ ਸਮੁੱਚੀ ਹੋਂਦ ਉਤਪੰਨ ਹੁੰਦੀ ਹੈ।

ਸੇਵੀਲੇ ਗੋਪਾਲ ਰਾਇ ਅਕੁਲ ਨਿਰੰਜਨ ॥
ਮੈਂ ਉਸ ਸਰਬ-ਵਿਆਪਕ ਚੇਤਨਾ ਦੀ ਸੇਵਾ ਵਿਚ ਰਹਿੰਦਾ ਹਾਂ, ਜੋ ਅਸੀਮ ਅਤੇ ਨਿਰਮਲ ਹੈ। ਇਹ ਭਾਵ ਅਜਿਹੀ ਭਗਤੀ ਦਾ ਪ੍ਰਤੀਕ ਹੈ ਜੋ ਸਮਾਜਿਕ ਪਛਾਣ, ਵਿਰਾਸਤੀ ਰੁਤਬੇ, ਜਾਂ ਬਾਹਰੀ ਪਵਿੱਤਰਤਾ ਦੇ ਮਾਪਦੰਡਾਂ ਦੀਆਂ ਹੱਦਾਂ ਵਿਚ ਨਹੀਂ ਬੱਝ ਸਕਦੀ।

ਭਗਤਿ ਦਾਨੁ ਦੀਜੈ ਜਾਚਹਿ ਸੰਤ ਜਨ ॥੧॥ ਰਹਾਉ ॥
ਭਗਤੀ ਦੀ ਉਹ ਦਾਤ ਬਖ਼ਸ਼ੀ ਜਾਵੇ, ਜਿਸ ਦੀ ਆਸ ਸੰਤ-ਸੁਭਾਵ ਵਾਲੇ ਹਿਰਦੇ ਰੱਖਦੇ ਹਨ। ਭਗਤੀ ਦੀ ਉਹ ਦਾਤ ਬਖ਼ਸ਼ੋ, ਜਿਸ ਦੀ ਖੋਜ ਰੂਹਾਨੀ ਜੀਵ ਕਰਦੇ ਹਨ। ਇਹ ਭਾਵ ਅੰਦਰੋਂ ਉਪਜੀ ਕ੍ਰਿਪਾ ਅਤੇ ਇਸਦੀ ਗ੍ਰਹਿਣਸ਼ੀਲਤਾ ਬਾਰੇ ਦਰਸਾਉਂਦਾ ਹੈ, ਜੋ ਇਕੋ ਇਕ ਅਜਿਹੀ ਮੁੱਲਵਾਨ ਵਸਤ ਹੈ ਜੋ ਮੂਲ ਸਤਾ ਨਾਲ ਸੰਪਰਕ ਜੋੜਣ ਵਿਚ ਸਹਾਈ ਹੁੰਦੀ ਹੈ। (੧)(ਠਹਿਰਾਉ)

ਜਾਂ ਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ ਸਪਤ ਲੋਕ ਸਾਮਾਨਿ ਪੂਰੀਅਲੇ ॥
ਜਿਸ ਦਾ ਨਿਵਾਸ ਅਤਿ ਸੁੰਦਰ ਅਤੇ ਸ਼ਾਨੋ-ਸ਼ੌਕਤ ਨਾਲ ਸਜਿਆ ਹੋਇਆ ਪ੍ਰਤੀਤ ਹੁੰਦਾ ਹੈ, ਉਹ ਮਾਨੋ ਕ੍ਰਿਪਾ ਦੇ ਦੈਵੀ ਖੰਡ ਵਰਗਾ ਹੋਵੇ। ਜਿਸ ਵਿਚ ਸਾਰੇ ਸੱਤ ਖੰਡ ਭਰਪੂਰਤਾ ਵਿਚ ਸਰਸ਼ਾਰ ਹੋਣ। ਇਹ ਭਾਵ ਅੰਤਹਕਰਣ ਨੂੰ ਇਕ ਵਿਸ਼ਾਲ ਖੇਤਰ ਵਜੋਂ ਦਰਸਾਉਂਦਾ ਹੈ ਜਿਸ ਵਿਚ ਅਨੰਦ ਅਤੇ ਸੰਤੋਖ ਦੇ ਖੰਡ ਸਮਾਏ ਹੋਣ।

ਜਾਂ ਚੈ ਘਰਿ ਲਛਿਮੀ ਕੁਆਰੀ ਚੰਦੁ ਸੂਰਜੁ ਦੀਵੜੇ ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁ ਕਰਾ ਸਿਰੀ ॥
ਇਸ ਅਵਸਥਾ ਵਿਚ, ਪਦਾਰਥਿਕ ਧਨ ਸੰਪਦਾ ਇਕ ਸਹਾਇਕ ਵਜੋਂ ਕਾਰਜ਼ ਕਰਦੀ ਹੈ, ਚੰਦਰਮਾ ਅਤੇ ਸੂਰਜ ਦੀਵਿਆਂ ਵਾਂਗ ਚਮਕਦੇ ਹਨ, ਅਤੇ ਸਮਾਂ ਇਕ ਨਿਮਾਣੇ ਪਹਿਰੇਦਾਰ ਵਾਂਗ ਹੁਕਮ ਦੀ ਤਾਮੀਲ ਕਰਦਾ ਹੈ।

ਸੁ ਐਸਾ ਰਾਜਾ ਸ੍ਰੀ ਨਰਹਰੀ ॥੧॥
ਪ੍ਰਭੂਸੱਤਾ ਦੀ ਅਜਿਹੀ ਹਾਜ਼ਰਤਾ, ਨਕਾਰਾਤਮਕਤਾ ਦਾ ਨਾਸ਼ ਕਰਨ ਵਾਲੀ। ਇਹ ਭਾਵ ਸਰਵਉੱਚ ਪਦ ਦਾ ਪ੍ਰਤੀਕ ਹੈ, ਜਿੱਥੇ ਸਰਵ ਵਿਆਪਕ ਚੇਤਨਾ ਕਈਆਂ ਵਿਚ ਵਸਦੀ ਇਕ ਸ਼ਕਤੀ ਹੀ ਨਹੀਂ ਬਲਕਿ ਉਹ ਗੰਭੀਰ ਸੋਮਾ ਹੈ ਜਿਸ ਦੇ ਅੰਦਰ ਹਰ ਤਾਕਤ ਦਾ ਉਦਭਵ, ਪ੍ਰਵਾਹ ਅਤੇ ਨਿਗਾਸ ਹੁੰਦਾ ਹੈ। (੧)

ਜਾਂ ਚੈ ਘਰਿ ਕੁਲਾਲੁ ਬ੍ਰਹਮਾ ਚਤੁਰ ਮੁਖੁ ਡਾਂਵੜਾ ਜਿਨਿ ਬਿਸ੍ਵ ਸੰਸਾਰੁ ਰਾਚੀਲੇ ॥
ਇਸ ਖੰਡ ਵਿਚ, ਸਿਰਜਣਹਾਰ ਦੀ ਨੁਮਾਇੰਦਗੀ ਕਰਨ ਵਾਲਾ ਚਾਰ-ਮੁਖੀ ਬ੍ਰਹਮਾ ਘੁਮਿਆਰ ਹੈ ਜਿਸਨੇ ਸੰਸਾਰ ਰੂਪੀ ਭਾਂਡੇ ਨੂੰ ਘੜਿਆ ਹੈ। ਇਹ ਭਾਵ ਸੁਝਾਅ ਦਿੰਦਾ ਹੈ ਕਿ ਸਿਰਜਣਾਤਮਕ ਬੌਧਿਕਤਾ ਏਕਮਤਾ

ਦੇ ਅੰਦਰ ਵਸਦਾ ਇਕ ਸਾਧਨ ਹੈ, ਜੋ ਆਪਣੇ ਆਪ ਨੂੰ ਮਲਕੀਅਤ ਦੀ ਭਾਵਨਾ ਤੋਂ ਮੁਕਤ ਹੋ ਪ੍ਰਗਟ ਕਰਦਾ ਹੈ।

ਜਾਂ ਕੈ ਘਰਿ ਈਸਰੁ ਬਾਵਲਾ ਜਗਤ ਗੁਰੂ ਤਤ ਸਾਰਖਾ ਗਿਆਨੁ ਭਾਖੀਲੇ ॥
ਇਸ ਨਿਵਾਸ ਵਿਚ ਸ਼ਿਵ ਉਸ ਆਜ਼ਾਦ-ਮਿਜ਼ਾਜ਼ ਅਤੇ ਸਰਬ-ਵਿਆਪਕ ਹਾਜ਼ਰੀ ਦਾ ਪ੍ਰਤੀਕ ਹਨ, ਜੋ ਵਿਸ਼ਵ ਗੁਰੂ ਵਜੋਂ ਗਿਆਨ ਦੇ ਤੱਤਸਾਰ ਦਾ ਉਚਾਰਨ ਕਰਦੇ ਹਨ। ਇਹ ਵਿਚਾਰ ਕੁਦਰਤ ਦੇ ਪਰਿਵਰਤਨਸ਼ੀਲ ਨਿਯਮ ਨੂੰ ਸਰਵਵਿਆਪੀ ਗਿਆਨ ਦੇ ਉਪਦੇਸ਼ਕ ਵਜੋਂ ਦਰਸਾਉਂਦਾ ਹੈ।

ਪਾਪੁ ਪੁੰਨੁ ਜਾਂ ਚੈ ਡਾਂਗੀਆ ਦੁਆਰੈ ਚਿਤ੍ਰ ਗੁਪਤੁ ਲੇਖੀਆ ॥
ਜਿਸ ਦੇ ਦਰਬਾਰ ਵਿਚ ਪਾਪ ਅਤੇ ਪੁੰਨ ਚੋਬਦਾਰਾਂ ਵਾਂਗ ਖੜ੍ਹੇ ਹਨ, ਅਤੇ ਦਰਵਾਜ਼ੇ ਉੱਤੇ ਆਤਮ-ਚਿੰਤਨ ਦੇ ਪ੍ਰਤੀਕ ਚਿੱਤਰਗੁਪਤ ਲੇਖਾ ਲਿਖਦੇ ਹਨ। ਇਹ ਭਾਵ ਸਾਡੇ ਇਰਾਦਿਆਂ ਦਾ ਪ੍ਰਤੀਬਿੰਬ ਹੈ, ਜੋ ਸਾਡੇ ਕਰਮਾਂ ਅਤੇ ਮਨੋਰਥਾਂ ਕਾਰਣ ਨਿਕਲਣ ਵਾਲੇ ਨਤੀਜਿਆਂ ਦਾ ਲੇਖਾ ਦਰਜ ਕਰਦਾ ਹੈ, ਇਹ ਕਿਸੇ ਬਾਹਰੀ ਨਿਆਂਕਾਰ ਵੱਲੋਂ ਕੀਤੀ ਭੰਡੀ ਨਹੀਂ ਹੈ।

ਧਰਮ ਰਾਇ ਪਰੁਲੀ ਪ੍ਰਤਿਹਾਰੁ ॥
ਧਰਮ ਰਾਇ ਅੰਤਹਕਰਣ ਦੇ ਪ੍ਰਤੀਕ ਵੱਜੋਂ ਸਾਡੇ ਸੱਚ ਨੂੰ ਪਰਖਦਾ ਹੈ, ਨਕਾਰਾਤਮਕਤਾ ਦਾ ਨਾਸ ਕਰਦਾ ਹੋਇਆ, ਇਕ ਸੁਚੇਤ ਡਿਉੜੀਦਾਰ ਦੀ ਤਰ੍ਹਾਂ ਖੜਾ ਰਹਿੰਦਾ ਹੈ। ਇਹ ਭਾਵ ਨੈਤਿਕ ਨਿਯਮ ਨੂੰ ਅੰਤਰੀਵੀ ਹੱਦ ਵੱਜੋਂ ਦਰਸਾਉਂਦਾ ਹੈ, ਜਿੱਥੇ ਕਰਮਾਂ ਦਾ ਮਿਲਾਪ ਕੁਦਰਤੀ ਨਤੀਜਿਆਂ ਨਾਲ ਹੁੰਦਾ ਹੈ।

ਸੋੁ ਐਸਾ ਰਾਜਾ ਸ੍ਰੀ ਗੋਪਾਲੁ ॥੨॥
ਅਜਿਹੀ ਸਰਬ-ਵਿਆਪਕ ਸਤਾ ਸਰਵਉੱਚ ਹੈ, ਜਿਸਨੂੰ ਸ੍ਰੀ ਗੋਪਾਲ ਕਿਹਾ ਜਾਂਦਾ ਹੈ। ਇਹ ਭਾਵ ਦਰਸਾਉਂਦਾ ਹੈ ਇਕ ਏਕਮ ਸਤਾ ਬਹੁਤ ਸਾਰੀਆਂ ਕਿਰਿਆਵਾਂ ਰਾਹੀਂ ਪ੍ਰਗਟ ਹੁੰਦੀ ਹੈ, ਪਰ ਫਿਰ ਵੀ ਇਕੋ ਵਿਧਾਨ ਬਣਿਆ ਰਹਿੰਦਾ ਹੈ ਜੋ ਸਾਰੀ ਹੋਂਦ ਨੂੰ ਪਾਲਦਾ, ਚਲਾਉਂਦਾ ਅਤੇ ਬੰਨ੍ਹ ਕੇ ਰੱਖਦਾ ਹੈ। (੨)

ਜਾਂ ਚੈ ਘਰਿ ਗਣ ਗੰਧਰਬ ਰਿਖੀ ਬਪੁੜੇ ਢਾਢੀਆ ਗਾਵੰਤ ਆਛੈ ॥

ਜਿਸ ਦੇ ਘਰ ਵਿਚ ਦੇਵਲੋਕ ਦੇ ਗਵੱਈਏ ਅਤੇ ਰਿਸ਼ੀ ਨਿਮਾਣੇ ਭੱਟ ਬਣ, ਆ ਕੇ ਗਾਉਂਦੇ ਹਨ। ਇਸ ਦਾ ਭਾਵ ਹੈ ਕਿ ਗਿਆਨ, ਸਹਿਜ, ਬਿਬੇਕ, ਬੋਧ ਇਹ ਸਾਰੀਆਂ ਸਮਰੱਥਾਵਾਂ ਉਸ ਮਹਾਨ ਸਮੁੱਚਤਾ ਦੇ ਸਾਹਮਣੇ ਗੌਣ ਹੋ ਜਾਂਦੀਆਂ ਹਨ, ਜਿਸ ਦੇ ਅੰਦਰ ਉਹ ਸਭ ਉਤਪੰਨ ਹੁੰਦੀਆਂ ਹਨ।

ਸਰਬ ਸਾਸਤ੍ਰ ਬਹੁ ਰੂਪੀਆ ਅਨਗਰੂਆ ਆਖਾੜਾ ਮੰਡਲੀਕ ਬੋਲ ਬੋਲਹਿ ਕਾਛੇ ॥

ਸਾਰੇ ਗ੍ਰੰਥ, ਆਪਣੇ ਅਨੇਕਾਂ ਰੂਪਾਂ ਵਿਚ, ਉਸ ਅਖਾੜੇ ਵਿਚ ਅਦਾਕਾਰਾਂ ਵਾਂਗ ਭੂਮਿਕਾ ਨਿਭਾਉਂਦੇ ਹਨ, ਜਿੱਥੇ ਸੰਸਾਰਕ ਬੋਲ ਨਿਰੰਤਰ ਬੋਲੇ ਜਾਂਦੇ ਹਨ। ਇਹ ਭਾਵ ਸਿਧਾਂਤਾਂ ਦੀ ਨਾਟਕਕਾਰੀ ਪੇਸ਼ਕਾਰੀ ਨੂੰ ਦਰਸਾਉਂਦਾ ਹੈ, ਜਿੱਥੇ ਗਿਆਨ, ਵਿਚਾਰ-ਵਟਾਂਦਰਾ ਅਤੇ ਵਾਕ-ਚਤੁਰਤਾ ਬੇਅੰਤ ਰੂਪਾਂ ਵਿਚ ਪਸਰਦੀ ਹੈ, ਪਰ ਫਿਰ ਵੀ ਇਹ ਪਰਮਸਤਾ ਦੇ ਧੁਰ ਅੰਦਰ ਹੋਣ ਵਾਲੀਆਂ ਗਤੀਵਿਧੀਆਂ ਦਾ ਹੀ ਰੂਪ ਹਨ।

ਚਉਰ ਢੂਲ ਜਾਂ ਚੈ ਹੈ ਪਵਣੁ ॥

ਹਵਾ ਆਪ ਹੀ ਚਉਰ ਕਰਦੀ ਹੈ। ਇਹ ਭਾਵ ਇਸ ਤੱਥ ਦੀ ਪੁਸ਼ਟੀ ਕਰਦਾ ਹੈ ਕਿ ਕੁਦਰਤ ਦੇ ਤੱਤ ਆਪ ਹੀ ਹੋਂਦ ਦੀ ਇਕ ਸ਼ਕਤੀ ਹਨ ਅਤੇ ਸ੍ਰਿਸ਼ਟੀ ਵਿਚਲੀ ਕੋਈ ਵੀ ਵਸਤ ਸਤਿਕਾਰ ਦੇ ਖੇਤਰ ਤੋਂ ਬਾਹਰ ਨਹੀਂ ਹੈ।

ਚੇਰੀ ਸਕਤਿ ਜੀਤਿ ਲੇ ਭਵਣੁ ॥

ਸਿਰਜਣਹਾਰ ਸਤਾ ਸਾਰੇ ਖੰਡਾਂ ਵਿਚ ਪਸਰੀ ਨਿਯੰਤਰਣ ਕਰਨ ਵਾਲੀ ਸ਼ਕਤੀ ਦੇ ਰੂਪ ਵਜੋਂ ਕਾਰਜ ਕਰਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸ੍ਰਿਸ਼ਟੀ ਭਾਵੇਂ ਕਿੰਨੀ ਵੀ ਵਿਸ਼ਾਲ ਅਤੇ ਅਦਭੁਤ ਕਿਉਂ ਨਾ ਹੋਵੇ, ਫਿਰ ਵੀ ਇਹ ਉਸ ਇਕੋ ਸਰਬ-ਵਿਆਪਕ ਅਤੇ ਸਰਬ-ਸ਼ਕਤੀਮਾਨ ਊਰਜਾ ਦਾ ਹੀ ਪ੍ਰਗਟਾਵਾ ਹੈ।

ਅੰਡ ਟੂਕ ਜਾ ਚੈ ਭਸਮਤੀ ॥

ਬ੍ਰਹਿਮੰਡ ਅਨੰਤ ਸਤਾ ਦੇ ਸਾਹਮਣੇ ਧੂੜ ਦੇ ਇਕ ਕਣ ਸਮਾਨ ਹੈ। ਇਸ ਤੋਂ ਭਾਵ ਹੈ ਕਿ ਮਨੁੱਖੀ ਸੂਝ ਅਨੁਸਾਰ ਬ੍ਰਹਿਮੰਡ ਭਾਵੇਂ ਕਿੰਨਾ ਵੀ ਵਿਸ਼ਾਲ ਕਿਉਂ ਨਾ ਹੋਵੇ, ਫਿਰ ਵੀ ਇਹ ਅਸੀਮ ਹਕੀਕਤ ਦਾ ਕੇਵਲ ਇਕ ਸੀਮਤ ਪ੍ਰਗਟਾਵਾ ਹੀ ਹੈ।

ਸੋ ਐਸਾ ਰਾਜਾ ਤ੍ਰਿਭਵਣ ਪਤੀ ॥੩॥

ਤਿੰਨ੍ਹਾਂ ਖੰਡਾਂ ਦੀ ਪਾਲਣਹਾਰ ਸਤਾ ਇਸ ਤਰ੍ਹਾਂ ਪ੍ਰਭੂਸਤਾ ਸੰਪੰਨ ਹੈ। ਇਸ ਤੋਂ ਭਾਵ ਹੈ ਕਿ ਅੰਤਰੀਵੀ ਸਤਿ ਅਨੁਭਵ ਦੇ ਹਰ ਪੱਧਰ, ਮਾਨਸਿਕ, ਸੂਖਮ, ਅਤੇ ਸਥੂਲ ਵਿਚ ਵਿਆਪਕ ਹੈ ਜੋ ਇਸਨੂੰ ਬਿਨਾਂ ਕਿਸੇ ਵੰਡ ਆਪਣੇ ਅੰਦਰ ਸਮਾਈ ਰੱਖਦੀ ਹੈ। (੩)

ਜਾਂ ਚੈ ਘਰਿ ਕੂਰਮਾ ਪਾਲੁ ਸਹਸ੍ਰ ਫਨੀ ਬਾਸਕੁ ਸੇਜ ਵਾਲੂਆ ॥

ਜਿਸ ਦੇ ਘਰ ਅੰਦਰ ਮਿਥਹਾਸਿਕ ਕੱਛੂਕੰਮਾ ਪਲੰਘ ਦਾ ਸਹਾਰਾ ਬਣਿਆ ਹੋਇਆ ਹੈ ਅਤੇ ਹਜ਼ਾਰ-ਸਿਰਾਂ ਵਾਲੇ ਬਾਸੁਕ ਨਾਗ ਨੇ ਰੱਸੀਆਂ ਦੀ ਤਰ੍ਹਾਂ ਪਲੰਘ ਨੂੰ ਬੁਣਿਆ ਹੋਇਆ ਹੈ। ਇਹ ਭਾਵ ਹੋਂਦ ਦੇ ਹਰ ਪੱਖ ਹੇਠਾਂ ਸਥਿਰਤਾ ਅਤੇ ਸਹਾਰੇ ਬਾਰੇ ਦਰਸਾਉਂਦਾ ਹੈ; ਜੋ ਚੇਤਨਾ ਦੀ ਇਕੋ ਧਾਰਾ ਵਿਚ ਸਮਾਇਆ ਹੋਇਆ ਹੈ।

ਅਠਾਰਹ ਭਾਰ ਬਨਾਸਪਤੀ ਮਾਲਣੀ ਛਿਨਵੈ ਕਰੋੜੀ ਮੇਘ ਮਾਲਾ ਪਾਣੀਹਾਰੀਆ ॥

ਉਥੇ ਬੇਅੰਤ ਤਰ੍ਹਾਂ ਦੀ ਬਨਸਪਤੀ ਮਾਲੀਆਂ ਦੀ ਤਰ੍ਹਾਂ ਸੇਵਾ ਕਰਨ ਵਾਲੀ ਹੈ, ਅਤੇ ਅਣਗਿਣਤ ਬੱਦਲ ਪਾਣੀ ਢੋਣ ਵਾਲੇ ਮਾਛਕੀ ਦੀ ਤਰ੍ਹਾਂ ਹਨ। ਇਹ ਦ੍ਰਿਸ਼ਟਾਂਤ ਦਰਸਾਉਂਦਾ ਹੈ ਕਿ ਕੁਦਰਤੀ ਤਾਕਤਾਂ ਨਾ ਤਾਂ ਸੁਤੰਤਰ ਤੌਰ ’ਤੇ ਅਤੇ ਨਾ ਹੀ ਕਿਸੇ ਬੇਤਰਤੀਬ ਢੰਗ ਨਾਲ ਕਾਰਜ ਕਰਦੀਆਂ ਹਨ; ਪਾਲਣ-ਪੋਸ਼ਣ, ਵਿਕਾਸ ਅਤੇ ਨਵ-ਸਿਰਜਣਾ, ਪਾਲਹਣਹਾਰ ਬੌਧਿਕਤਾ ਹੀ ਪ੍ਰਗਟਾਵ ਹਨ।

ਨਖ ਪ੍ਰਸੇਵ ਜਾ ਚੈ ਸੁਰਸਰੀ ॥

ਜਿਸ ਦੇ ਨਹੁੰਆਂ ਦੇ ਪਸੀਨੇ ਤੋਂ ਪਵਿੱਤਰ ਦਰਿਆ ਵਹਿੰਦਾ ਹੈ। ਇਹ ਭਾਵ ਪਵਿੱਤਰਤਾ ਅਤੇ ਅਪਵਿੱਤਰਤਾ ਦੇ ਉਸ ਸਿਧਾਂਤ ਨੂੰ ਨਕਾਰਦਾ ਹੈ, ਜਿਸ ਵਿਚ ਬੇਅੰਤ ਪਾਲਣਹਾਰ ਦੈਵੀ ਸਤਾ ਦੇ ਕੁਝ ਤੱਤਾਂ ਨੂੰ ਹੀ ਪਵਿੱਤਰ ਮੰਨਿਆਂ ਜਾਂਦਾ ਹੈ।

ਸਪਤ ਸਮੁੰਦ ਜਾਂ ਚੈ ਘੜਥਲੀ ॥

ਸੱਤ ਸਮੁੰਦਰ ਉਸ ਦੇ ਪਾਣੀ ਦੇ ਘੜੇ ਹਨ। ਇਹ ਭਾਵ ਸ਼ੁਕਰਾਨੇ ਦੀ ਦਾਤ ਬਾਰੇ ਸਮਝਾਉਂਦਾ ਹੈ, ਜਿਸ ਵਿਚ ਵਿਸ਼ਾਲਤਾ ਬਿਨ੍ਹਾਂ ਕਿਸੇ ਉਦਮ ਏਕਮਤਾ ਦੇ ਅੰਦਰ ਸਮਾਈ ਹੋਈ ਹੈ।

ਏਤੇ ਜੀਅ ਜਾਂ ਚੈ ਵਰਤਣੀ ॥

ਸਾਰੀ ਸ੍ਰਿਸ਼ਟੀ ਉਸ ਦੇ ਅੰਦਰੋਂ ਉਤਪੰਨ ਹੋਣ ਵਾਲੇ ਤੱਤਾਂ ਵਾਂਗ ਹੈ। ਇਹ ਭਾਵ ਸਮੁੱਚੀ ਜੀਵਨ ਪ੍ਰਣਾਲੀ ਨੂੰ ਪ੍ਰਗਟਾਵੇ ਦੇ ਸਾਧਨ ਵੱਜੋਂ ਦਰਸਾਉਂਦਾ ਹੈ, ਜਿਸ ਦਾ ਹਰ ਰੂਪ ਸਮੁੱਚੀ ਹੋਂਦ ਵਿਚ ਆਪਣੀ ਇਕ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ।

ਸ੍ਰੋ ਐਸਾ ਰਾਜਾ ਤ੍ਰਿਭਵਣ ਧਣੀ ॥੪॥

ਅਜਿਹੀ ਪ੍ਰਭੂਸੱਤਾ, ਤਿੰਨਾਂ ਲੋਕਾਂ ਦੀ ਮਾਲਕ ਹੈ। ਇਸ ਤੱਥ ਤੋਂ ਭਾਵ ਹੈ ਕਿ ਇਕੋ ਪਾਲਣਹਾਰ ਵਿਵਸਥਾ ਹੋਂਦ ਅਤੇ ਅਨੁਭਵ ਦੇ ਹਰ ਪੱਧਰ ਵਿਚ ਵਿਆਪਕ ਰੂਪ ਵਿਚ ਮੌਜੂਦ ਹੈ। (੪)

ਜਾਂ ਚੈ ਘਰਿ ਨਿਕਟ ਵਰਤੀ ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ ॥

ਉਸ ਦੇ ਨਿਵਾਸ ਨੇੜੇ ਅਰਜੁਨ ਦਾ ਵਾਸਾ ਹੈ, ਜੋ ਇਕਾਗਰ ਬਿਬੇਕ ਦੇ ਮੁਜਸਮੇ ਦਾ ਰੂਪ ਹੈ; ਇਸ ਦੇ ਨਾਲ ਹੀ ਧ੍ਰੂਵ ਅਡੋਲ ਦ੍ਰਿੜਤਾ ਦਾ; ਪ੍ਰਹਿਲਾਦ ਅਟੱਲ ਅੰਤਰੀਵੀ ਸ਼ਰਧਾ ਦਾ; ਅੰਬਰੀਕ ਧਰਮੀ ਰਾਜ ਦਾ; ਅਤੇ ਨਾਰਦ ਜਾਗ੍ਰਿਤ ਗਿਆਨ ਦਾ ਪ੍ਰਤੀਕ ਹੈ। ਇਸੇ ਤਰ੍ਹਾਂ ਨੇਜੈ, ਜੋਗ ਸਾਧਨਾ ਵਿਚ ਪੁੱਗੇ ਹੋਏ, ਬੁੱਧ, ਗਿਆਨਵਾਨ, ਗਣ, ਭਾਈਚਾਰੇ ਦਾ ਰੂਪ, ਗੰਧਰਵ, ਸਹਿਹੋਂਦ  ਦਾ ਪ੍ਰਗਟਾਵ , ਉੱਥੇ ਸੁਭਾਵਿਕ ਤੌਰ ’ਤੇ ਸਹਿਜਤਾ ਨਾਲ ਇਕੱਠੇ ਹੁੰਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਮਨੁੱਖੀ ਉੱਤਮ ਗੁਣ ਅਤੇ ਆਤਮਿਕ ਪ੍ਰਾਪਤੀਆਂ ਕੋਈ ਵੱਖਰੀਆਂ ਜਾਂ ਸੁਤੰਤਰ ਉਪਲਬਧੀਆਂ ਨਹੀਂ, ਸਗੋਂ ਅਨੰਤ ਏਕਤਾ ਦੇ ਸੁਭਾਵਿਕ ਪ੍ਰਗਟਾਵੇ ਹਨ।

ਏਤੇ ਜੀਅ ਜਾਂ ਚੈ ਹਹਿ ਘਰੀ ॥

ਉਸ ਦੇ ਘਰ ਵਿਚ ਅਣਗਿਣਤ ਜੀਵ ਵੱਸਦੇ ਹਨ। ਇਹ ਭਾਵ ਉਦਾਰਤਾ ਦੀ ਭਾਵਨਾ ਨੂੰ ਦਰਸਾਉਂਦਾ ਹੈ, ਜਿਸ ਅਨੁਸਾਰ ਕੋਈ ਵੀ ਜੀਵ ਇਸ ਵਿਸ਼ਵ-ਰੂਪੀ ਘਰ ਤੋਂ ਬਾਹਰ ਨਹੀਂ ਹੈ; ਸਗੋਂ ਹਰ ਜੀਵ ਪ੍ਰਣਾਲੀ ਉਸ ਜੀਵੰਤ ਵਿਵਸਥਾ ਦਾ ਅੰਗ ਹੈ।

ਸਰਬ ਬਿਆਪਿਕ ਅੰਤਰ ਹਰੀ ॥

ਸਰਬ-ਵਿਆਪਕ ਹਾਜ਼ਰਤਾ ਦਾ ਵਾਸ ਹਰ ਜੀਵ ਦੇ ਅੰਦਰ ਹੈ। ਇਹ ਭਾਵ ਉਸ ਅੰਤਰੀਵੀ ਨੇੜਤਾ ਵੱਲ ਇਸ਼ਾਰਾ ਕਰਦਾ ਹੈ ਜਿਥੇ ਏਕਮਤਾ ਕਿਧਰੇ ਬਾਹਰ ਨਹੀਂ ਬਲਕਿ ਅੰਦਰ ਹੀ ਵੱਸਦੀ ਹੈ।

ਪ੍ਰਣਵੈ ਨਾਮਦੇਉ ਤਾਂ ਚੀ ਆਣਿ ॥

ਨਿਮਰਤਾ ਸਹਿਤ ਨਾਮਦੇਵ ਆਖਦੇ ਹਨ ਕਿ ਕੇਵਲ ਉਹੀ ਸਤਿਕਾਰ ਦੇ ਯੋਗ ਹੈ। ਇਸ ਦਾ ਭਾਵ ਹੈ ਕਿ ਜਦੋਂ ਸੂਝ ਨੂੰ ਧਾਰਨ ਕਰ ਦਿਆਨਤਦਾਰੀ ਨਾਲ ਜੀਅ ਲਿਆ ਜਾਂਦਾ ਹੈ ਤਾਂ ਉਹ ਸੱਚਮੁੱਚ ਸਨਮਾਨ ਦੇ ਯੋਗ ਹੋ ਜਾਂਦੀ ਹੈ।

ਸਗਲ ਭਗਤ ਜਾ ਚੈ ਨੀਸਾਣਿ ॥੫॥੧॥

ਸਾਰੇ ਭਗਤ ਇਕੋ ਨਿਸ਼ਾਨ ਦੇ ਧਾਰਨੀ ਹੁੰਦੇ ਹਨ। ਇਸ ਤੋਂ ਸਿੱਟਾ ਨਿਕਲਦਾ ਹੈ ਕਿ ਸੱਚੇ ਸਾਧਕਾਂ ਦੀ ਪਹਿਚਾਣ ਬਾਹਰੀ ਮਾਰਕਿਆਂ ਤੋਂ ਨਹੀਂ, ਬਲਕਿ ਏਕਮ ਸਤਾ ਨਾਲ ਬਣਾਈ ਸਾਂਝੀ ਇਕਸੁਰਤਾ ਤੋਂ ਹੁੰਦੀ ਹੈ। (੫)(੧)

ਤੱਤ: ਭਗਤ ਨਾਮਦੇਵ ਪੁਸ਼ਟੀ ਕਰਦੇ ਹਨ ਕਿ ਮਨੁੱਖ ਦੇ ਉੱਚਤਮ ਗੁਣ ਅਤੇ ਆਤਮਿਕ ਪ੍ਰਾਪਤੀਆਂ ਨਿੱਜੀ ਮਾਣ ਜਾਂ ਅਹੰਕਾਰ ਲਈ ਨਹੀਂ ਹੁੰਦੀਆਂ; ਇਹ ਉਸ ਚੇਤਨਾ ਦਾ ਸੱਚਾ ਪ੍ਰਗਟਾਵ ਹੁੰਦੀਆਂ ਹਨ ਜੋ ਅਨੰਤ ਏਕਤਾ ਨਾਲ ਜੁੜੀ ਹੋਈ ਹੈ। ਜਦੋਂ ਵੱਖਰੇਪਣ ਦਾ ਭਰਮ ਦੂਰ ਹੋਣ ਲੱਗਦਾ ਹੈ, ਤਾਂ ਗਿਆਨ, ਦਇਆ, ਨਿਮਰਤਾ ਅਤੇ ਪ੍ਰੇਮ-ਭਾਵ ਪ੍ਰਫੁੱਲਤ ਹੁੰਦੇ ਹਨ। ਆਪਸੀ ਅੰਤਰ-ਸੰਬੰਧਿਤਾ ਨੂੰ ਅਸੀਂ ਜਿੰਨ੍ਹਾਂ ਪਛਾਣਦੇ ਹਾਂ, ਉਨ੍ਹੇ ਹੀ ਇਹ ਗੁਣ ਸਾਡੇ ਵਿਚਾਰਾਂ ਅਤੇ ਕਰਮਾਂ ਵਿਚ ਵੱਸ ਜਾਂਦੇ ਹਨ। ਇਹ ਭਾਵ ਆਤਮਿਕ ਪਰਿਪੱਕਤਾ ਦਾ ਪ੍ਰਤੀਕ ਹੈ, ਜੋ ਸਾਨੂੰ ਸਦਭਾਵਨਾ ਦੀ ਸਮੁੱਚਤਾ ਨਾਲ ਜੋੜਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: [OnenessInDiversity.com](http://OnenessInDiversity.com)

ਈਮੇਲ: **onenessindiversityfoundation@gmail.com**